# Punjab Government Gazette

## EXTRAORDINARY

*Published by Authority*

CHANDIGARH, SATURDAY, DECEMBER 13, 2025
(AGRAHAYANA 22, 1947 SAKA)


ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਪੰਜਾਬ ਡੰਗਰ ਮੇਲੇ (ਵਿਨਿਯਮਨ) ਐਕਟ, 1967 (1968 ਦਾ ਪੰਜਾਬ ਐਕਟ ਨੰ. 6) | ...761-770 |
| | 2. ਪੰਜਾਬ ਰਾਜ ਵਿਧਾਨ ਮੰਡਲ ਮੈਂਬਰ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮ) ਐਕਟ, 1977 (1977 ਦਾ ਪੰਜਾਬ ਐਕਟ ਨੰ. 5) | ...771-775 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

———

**ਭਾਗ-I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 12 ਦਸੰਬਰ, 2025

ਨੰ: 63/ਭ.ਕ./2025.- ਪੰਜਾਬ ਡੰਗਰ ਮੇਲੇ (ਵਿਨਿਯਮਨ) ਐਕਟ, 1967 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 12th December, 2025

**No. 63/L.C./2025.**- The Translation in Punjabi of the Punjab Cattle Fairs (Regulation) Act, 1967 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਡੰਗਰ ਮੇਲੇ (ਵਿਨਿਯਮਨ) ਐਕਟ, 1967**

(1968 ਦਾ ਪੰਜਾਬ ਐਕਟ ਨੰ: 6)

ਡੰਗਰ ਮੇਲਿਆਂ ਦੇ ਲਾਉਣ ਨੂੰ ਵਿਨਿਯਮਤ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਅਠਾਰ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ।

1. ਇਸ ਐਕਟ ਨੂੰ ਪੰਜਾਬ ਡੰਗਰ ਮੇਲੇ (ਵਿਨਿਯਮਨ) ਐਕਟ, 1967 ਕਿਹਾ ਜਾ ਸਕੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਦਲਾਲ" ਦਾ ਮਤਲਬ ਹੈ ਅਜਿਹਾ ਵਿਅਕਤੀ ਜੋ ਕਿਸੇ ਡੰਗਰ ਮੇਲੇ ਵਿੱਚ ਕਮਿਸ਼ਨ ਦੀ ਅਦਾਇਗੀ ਤੇ ਡੰਗਰ ਦੇ ਵਿਕਰੀਕਾਰ ਅਤੇ ਖਰੀਦਾਰ ਵਿਚਕਾਰ ਸੌਦਾ ਕਰਵਾਉਂਦਾ ਹੈ;

(ਅ) "ਡੰਗਰ" ਵਿੱਚ ਮੱਝ, ਊਠ, ਗਊ, ਗਧਾ, ਬੱਕਰੀ, ਘੋੜਾ, ਖ਼ੱਚਰ, ਭੇਡ ਅਤੇ ਉਹਨਾਂ ਦੇ ਬੱਚੇ ਅਤੇ ਅਜਿਹੇ ਹੋਰ ਪਸ਼ੂ ਸ਼ਾਮਲ ਹਨ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਉਲਿਖਤ ਕਰੇ;

(ਅਅ) "ਡੰਗਰ ਮੇਲਾ" ਦਾ ਮਤਲਬ ਹੈ ਡੰਗਰਾਂ ਦੀ ਆਮ ਵਿਕਰੀ, ਖਰੀਦ ਦੇ ਪ੍ਰਯੋਜਨ ਜਾਂ ਆਮ ਵਿਕਰੀ ਜਾਂ ਖ਼ਰੀਦ ਲਈ ਨੁਮਾਇਸ਼ ਦੇ ਪ੍ਰਯੋਜਨ ਲਈ ਪੱਚੀ ਤੋਂ ਵੱਧ ਵਿਅਕਤੀਆਂ ਦਾ ਇਕੱਠ ਅਤੇ ਇਸ ਵਿੱਚ ਡੰਗਰਾਂ ਦੀ ਮੰਡੀ ਸ਼ਾਮਲ ਹੈ;

(ਅਅਅ) "ਡੰਗਰਾਂ ਦੀ ਮੰਡੀ" ਦਾ ਮਤਲਬ ਹੈ ਕੋਈ ਅਜਿਹੀ ਥਾਂ ਜਿੱਥੇ ਡੰਗਰਾਂ ਦੀ ਵਿਕਰੀ ਜਾਂ ਖ਼ਰੀਦ ਦਾ ਕਾਰੋਬਾਰ ਬਾਕਾਇਦਾ ਚਲਾਇਆ ਜਾਂਦਾ ਹੈ;

(ੲ) "ਡਿਪਟੀ ਕਮਿਸ਼ਨਰ" ਵਿੱਚ ਅਤਿਰਿਕਤ ਡਿਪਟੀ ਕਮਿਸ਼ਨਰ ਅਤੇ ਅਜਿਹਾ ਹੋਰ ਅਧਿਕਾਰੀ ਸ਼ਾਮਲ ਹੈ ਜਿਸ ਨੂੰ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਅਧੀਨ ਡਿਪਟੀ ਕਮਿਸ਼ਨਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਉਸਦੇ ਕਾਜਕਾਰ ਕਰਨ ਦੇ ਪ੍ਰਯੋਜਨ ਲਈ ਨਿਯੁਕਤ ਕਰੇ;

(ਸ) "ਮੇਲਾ ਖੇਤਰ" ਦਾ ਮਤਲਬ ਹੈ ਕਿਸੇ ਜ਼ਿਲ੍ਹੇ ਦੇ ਅੰਦਰ ਅਜਿਹਾ ਖੇਤਰ ਜੋ ਡੰਗਰ ਮੇਲਾ ਲਾਉਣ ਦੇ ਪ੍ਰਯੋਜਨ ਲਈ ਮੇਲਾ ਅਧਿਕਾਰੀ ਦੁਆਰਾ ਉਲਿਖਤ ਕੀਤਾ ਜਾਵੇ;

(ਹ) "ਮੇਲਾ ਅਧਿਕਾਰੀ" ਦਾ ਕਿਸੇ ਮੇਲਾ ਖੇਤਰ ਦੇ ਸਬੰਧ ਵਿੱਚ ਮਤਲਬ ਹੈ ਅਜਿਹੇ ਖੇਤਰ ਲਈ ਧਾਰਾ 4 ਅਧੀਨ ਨਿਯੁਕਤ ਕੋਈ ਅਧਿਕਾਰੀ;

(ਕ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ।

ਡੰਗਰ ਮੇਲੇ ਲਾਉਣ ਆਦਿ ਤੇ ਰੋਕ ਰਾਜ ਸਰਕਾਰ ਦੁਆਰਾ ਜਾਂ ਉਸਦੀ ਅਥਾਰਟੀ ਅਧੀਨ ਡੰਗਰ ਮੇਲੇ ਲਾਉਣਾ।

3. (1) ਪੰਜਾਬ ਰਾਜ ਵਿੱਚ ਕਿਸੇ ਥਾਂ ਤੇ ਡੰਗਰ ਮੇਲਾ ਲਾਉਣ ਅਤੇ ਅਜਿਹੇ ਮੇਲੇ ਤੇ ਕੰਟਰੋਲ, ਉਸ ਦਾ ਪ੍ਰਬੰਧ ਕਰਨ ਜਾਂ ਉਸ ਨੂੰ ਵਿਨਿਯਮਤ ਕਰਨ ਦਾ ਅਧਿਕਾਰ ਕੇਵਲ ਰਾਜ ਸਰਕਾਰ ਵਿੱਚ ਨਿਹਿਤ ਹੋਵੇਗਾ ਅਤੇ, ਇਸ ਐਕਟ ਦੇ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਉਸ ਦੁਆਰਾ ਅਜਿਹੇ ਵਿਅਕਤੀਆਂ ਜਾਂ ਅਥਾਰਟੀਆਂ ਰਾਹੀਂ ਵਰਤੋਂਯੋਗ ਹੋਵੇਗਾ, ਜੋ ਉਹ ਠੀਕ ਸਮਝੇ।

(2) ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਤੇ ਉਪ-ਧਾਰਾ (1) ਦੁਆਰਾ ਜਿਵੇਂ ਉਪਬੰਧ ਕੀਤਾ ਗਿਆ ਹੈ ਉਸ ਨੂੰ ਛੱਡ ਕੇ, ਕਿਸੇ ਵਿਅਕਤੀ ਜਾਂ ਸਥਾਨਕ ਅਥਾਰਟੀ ਲਈ, ਪੰਜਾਬ ਰਾਜ ਵਿੱਚ, ਕਿਸੇ ਥਾਂ ਤੇ ਡੰਗਰ ਮੇਲਾ ਲਾਉਣਾ, ਉਸ ਤੇ ਕੰਟਰੋਲ, ਉਸ ਦਾ ਪ੍ਰਬੰਧ ਕਰਨਾ ਜਾਂ ਉਸ ਨੂੰ ਵਿਨਿਯਮਤ ਕਰਨਾ ਕਾਨੂੰਨ-ਵਿਰੁੱਧ ਹੋਵੇਗਾ।

ਮੇਲਾ ਅਧਿਕਾਰੀ ਅਤੇ ਉਨ੍ਹਾਂ ਦੇ ਕਰਤੱਵ ਆਦਿ।

4. (1) ਰਾਜ ਸਰਕਾਰ ਦੁਆਰਾ ਜਾਂ, ਜੇ ਉਸ ਦੁਆਰਾ ਡਿਪਟੀ ਕਮਿਸ਼ਨਰ ਨੂੰ ਇਸ ਤਰ੍ਹਾਂ ਅਖ਼ਤਿਆਰਤ ਕੀਤਾ ਜਾਵੇ, ਜਾਂ ਡਿਪਟੀ ਕਮਿਸ਼ਨਰ ਦੁਆਰਾ ਕਿਸੇ ਜ਼ਿਲ੍ਹੇ ਵਿੱਚ ਡੰਗਰ ਮੇਲੇ ਲਾਉਣ, ਉਨ੍ਹਾਂ ਤੇ ਕੰਟਰੋਲ ਰੱਖਣ, ਉਨ੍ਹਾਂ ਦਾ ਪ੍ਰਬੰਧ ਕਰਨ ਜਾਂ ਉਨ੍ਹਾਂ ਨੂੰ ਵਿਨਿਯਮਤ ਕਰਨ ਦੇ ਪ੍ਰਯੋਜਨ ਲਈ ਇੱਕ ਜਾਂ ਵੱਧ ਮੇਲਾ ਅਧਿਕਾਰੀ ਨਿਯੁਕਤ ਕੀਤੇ ਜਾਣਗੇ।

(2) ਰਾਜ ਸਰਕਾਰ ਦੇ ਜਾਂ, ਜੇ ਉਸ ਦੁਆਰਾ ਡਿਪਟੀ ਕਮਿਸ਼ਨਰ ਨੂੰ ਇਸ ਤਰ੍ਹਾਂ ਅਖ਼ਤਿਆਰਤ ਕੀਤਾ ਜਾਵੇ, ਤਾਂ ਡਿਪਟੀ ਕਮਿਸ਼ਨਰ ਦੇ ਨਿਦੇਸ਼, ਕੰਟਰੋਲ ਅਤੇ ਨਿਗਰਾਨੀ ਦੇ ਤਾਬੇ, ਮੇਲਾ ਅਧਿਕਾਰੀ ਡੰਗਰ ਮੇਲਾ ਲਾਉਣ ਦੇ ਮੁਤੱਲਕ ਸਭ

ਮਾਮਲਿਆਂ ਬਾਰੇ ਇੰਤਜਾਮ ਕਰਨ ਅਤੇ ਉਸ ਦੇ ਉਚਿਤ ਕੰਟਰੋਲ, ਪ੍ਰਬੰਧ ਅਤੇ ਵਿਨਿਯਮਨ ਲਈ ਜ਼ਿੰਮੇਵਾਰ ਹੋਵੇਗਾ ਅਤੇ ਉਸਨੂੰ–

(i) ਮੇਲਾ ਖੇਤਰ ਪਰਿਨਿਸ਼ਚਿਤ ਕਰਨ,

(ii) ਟੱਟੀਆਂ, ਪੇਸ਼ਾਬ ਖਾਨਿਆਂ, ਗੁਸਲਖ਼ਾਨਿਆਂ, ਦੁਕਾਨਾਂ, ਨੁਮਾਇਸ਼ਾਂ, ਸ਼ੋਆਂ, ਵਿਖਾਵਿਆਂ, ਪਸ਼ੂਆਂ ਲਈ ਪਹਿਆਂ, ਪੀਣ ਦੇ ਪ੍ਰਯੋਜਨਾਂ ਲਈ ਪਾਣੀ ਦੀ ਸਪਲਾਈ, ਓਟ–ਅਸਥਾਨਾਂ, ਹਰੇ ਅਤੇ ਸੁੱਕੇ ਚਾਰੇ, ਮਨੋਰੰਜਨ ਅਤੇ ਉਨ੍ਹਾਂ ਵਰਗੇ ਹੋਰ ਪ੍ਰਯੋਜਨਾਂ ਲਈ, ਜੋ ਡੰਗਰ ਮੇਲੇ ਦੇ ਮੁਤੱਲਕ ਜ਼ਰੂਰੀ ਹੋਣ, ਸਥਲ ਜਾਂ ਥਾਵਾਂ ਰਾਖਵੀਆਂ ਕਰਨ,

(iii) ਮੁਕੱਰਰ ਤਰੀਕੇ ਨਾਲ ਡੰਗਰ ਮੇਲੇ ਦੇ ਮੁਤੱਲਕ ਵਣਜਕ ਜਾਂ ਹੋਰ ਪ੍ਰਯੋਜਨਾਂ ਲਈ ਅਸਥਾਈ ਤੌਰ ਤੇ ਸਥਲ ਅਲਾਟ ਕਰਨ, ਅਜਿਹੇ ਸਥਨਾਂ ਤੇ ਬਣਤਾਂ ਬਣਾਉਣ ਦਾ ਅਖ਼ਤਿਆਰ ਦੇਣ ਅਤੇ ਅਜਿਹੇ ਸਥਲਾਂ ਲਈ ਕਿਰਾਏ ਨਿਯਤ ਕਰਨ,

(iv) ਪਹਿਰਾ–ਰਾਖੀ, ਰੌਸ਼ਨੀ, ਮੈਡੀਕਲ ਫਸਟ ਏਡ, ਸਲੋਤਰੀ ਸਹਾਇਤਾ, ਸਫ਼ਾਈ, ਤੰਬੂ–ਸਹੂਲਤਾਂ ਅਤੇ ਅਜਿਹੀਆਂ ਹੋਰ ਸਹੂਲਤਾਂ, ਜੋ ਡੰਗਰ ਮੇਲੇ ਦੇ ਮੁਤੱਲਕ ਜ਼ਰੂਰੀ ਹੋਣ, ਦਾ ਇੰਤਜ਼ਾਮ ਕਰਨਾ,

(v) ਡੰਗਰ ਮੇਲੇ ਦੇ ਮੁਤੱਲਕ ਅਰੋਪੇ ਅਤੇ ਲਾਏ ਗਏ ਟੈਕਸ ਅਤੇ ਫ਼ੀਸਾਂ ਉਗਰਾਹੁਣ ਦੇ ਪ੍ਰਯੋਜਨ ਲਈ ਅਸਥਾਈ ਦਫ਼ਤਰਾਂ ਦੀ ਉਸਾਰੀ ਕਰਨ, ਦੀਆਂ ਸ਼ਕਤੀਆਂ ਵੀ ਹੋਣਗੀਆਂ।

ਮੇਲਾ ਖੇਤਰਾਂ ਵਿੱਚ ਟੈਕਸ ਲਾਉਣ ਦੀ ਰਾਜ ਸਰਕਾਰ ਦੀ ਸ਼ਕਤੀ।

5. ਰਾਜ ਸਰਕਾਰ, ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਦਰਾਂ ਤੇ ਜੋ ਮੁਕੱਰਰ ਕੀਤੀਆਂ ਜਾਣ, ਡੰਗਰ ਮੇਲੇ ਦੇ ਚਾਲੂ ਰਹਿਣ ਦੇ ਦੌਰਾਨ ਮੇਲਾ ਖੇਤਰ ਵਿੱਚ–

(ੳ) ਕਾਰੋਬਾਰ ਦੇ ਪ੍ਰਯੋਜਨਾਂ ਲਈ, ਅਜਿਹੇ ਖੇਤਰ ਵਿੱਚ, ਦਾਖ਼ਲ ਹੋਣ ਵਾਲੀਆਂ ਗੱਡੀਆਂ ਤੇ ਟੋਲ ਲਾ ਸਕੇਗੀ; ਅਤੇ

(ਅ) ਅਜਿਹੇ ਖੇਤਰ ਵਿੱਚ ਵਿਕਰੀ ਲਈ ਲਿਆਂਦੇ ਗਏ ਮਾਲ ਤੇ ਮਸੂਲ–ਚੁੰਗੀ ਲਾ ਸਕੇਗੀ:

ਪਰੰਤੂ ਜੇ ਮਾਲ ਤੇ ਉਸ ਸਥਾਨਕ ਅਥਾਰਟੀ ਦੀਆਂ ਸੀਮਾਵਾਂ ਅੰਦਰ ਜਿਸ ਵਿੱਚ ਮੇਲਾ ਖੇਤਰ ਸਥਿਤ ਹੈ, ਦਾਖ਼ਲ ਹੋਣ ਸਮੇਂ ਪਹਿਲਾਂ ਹੀ ਅਜਿਹਾ ਮਸੂਲ ਲਾਇਆ ਜਾ ਚੁੱਕਾ ਹੈ ਤਾਂ ਅਜਿਹਾ ਕੋਈ ਮਸੂਲ ਨਹੀਂ ਲਾਇਆ ਜਾਵੇਗਾ।

ਟੈਕਸ ਆਦਿ ਲਾਉਣ ਦੀ ਸਥਾਨਕ ਅਥਾਰਟੀਆਂ ਦੀ ਅਧਿਕਾਰਤਾ ਦਾ ਇਖ਼ਰਾਜ।

6. ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਸਥਾਨਕ ਅਥਾਰਟੀ ਡੰਗਰ ਮੇਲਾ ਚਾਲੂ ਰੱਖਣ ਦੇ ਦੌਰਾਨ ਮੇਲੇ ਦੇ ਮੁਤੱਲਕ ਮੇਲਾ ਖੇਤਰ ਵਿੱਚ ਕੋਈ ਟੈਕਸ ਜਾਂ ਫ਼ੀਸ ਲਾਉਣ ਵਿੱਚ ਸ਼ਕਤਵਾਨ ਨਹੀਂ ਹੋਵੇਗੀ।

ਸਥਾਨਕ ਅਥਾਰਟੀਆਂ ਦਾ ਮੇਲਾ ਅਧਿਕਾਰੀ ਦੀ ਸਹਾਇਤਾ ਕਰਨ ਦਾ ਕਰਤੱਵ।

7. ਹਰੇਕ ਸਥਾਨਕ ਅਥਾਰਟੀ, ਜਿਸ ਦੀਆਂ ਅਧਿਕਾਰਤਾ ਸੀਮਾਵਾਂ ਦੇ ਅੰਦਰ ਮੇਲਾ ਖੇਤਰ ਜਾਂ ਉਸ ਦਾ ਕੋਈ ਭਾਗ ਸਥਿਤ ਹੈ, ਅਜਿਹੇ ਖੇਤਰ ਵਿੱਚ ਡੰਗਰ ਮੇਲਾ ਲਾਉਣ, ਉਸ ਤੇ ਕੰਟਰੋਲ ਰੱਖਣ, ਉਸ ਦਾ ਪ੍ਰਬੰਧ ਕਰਨ ਜਾਂ ਉਸ ਨੂੰ ਵਿਨਿਯਮਤ ਕਰਨ ਦੇ ਪ੍ਰਯੋਜਨ ਲਈ, ਮੇਲਾ ਅਧਿਕਾਰੀ ਨੂੰ ਅਜਿਹੀ ਸਹਾਇਤਾ ਦੇਵੇਗੀ ਜੋ ਡੰਗਰ ਮੇਲੇ ਦੇ ਮੁਤੱਲਕ ਮੇਲਾ ਅਧਿਕਾਰੀ ਦੁਆਰਾ ਉਸ ਤੋਂ ਲੋੜੀ ਜਾਵੇ।

ਫ਼ੀਸਾਂ ਦਾ ਲਾਉਣਾ।

8. (1) ਕੋਈ ਵਿਅਕਤੀ ਡੰਗਰ ਮੇਲੇ ਵਿੱਚ ਡੰਗਰ ਨਹੀਂ ਵੇਚੇਗਾ ਜੇਕਰ ਉਸ ਨੇ ਉਸ ਡੰਗਰ ਬਾਰੇ ਅਜਿਹੇ ਤਰੀਕੇ ਨਾਲ, ਅਜਿਹੀ ਫ਼ੀਸ ਦੀ ਅਦਾਇਗੀ ਤੇ ਅਤੇ ਅਜਿਹੀ ਅਥਾਰਟੀ ਤੋਂ ਜੋ ਮੁਕੱਰਰ ਕੀਤੀ ਜਾਵੇ ਰਜਿਸਟਰੀਕਰਣ ਪ੍ਰਮਾਣ-ਪੱਤਰ ਹਾਸਲ ਨ ਕਰ ਲਿਆ ਹੋਵੇ।

(2) ਡੰਗਰ ਮੇਲੇ ਵਿੱਚ ਡੰਗਰ ਖਰੀਦਣ ਵਾਲਾ ਹਰੇਕ ਵਿਅਕਤੀ, ਉਸ ਡੰਗਰ ਦੇ ਬਾਰੇ, ਅਜਿਹੇ ਤਰੀਕੇ ਨਾਲ ਅਜਿਹੀ ਫ਼ੀਸ ਦੀ ਅਦਾਇਗੀ ਤੇ ਅਤੇ ਅਜਿਹੀ ਅਥਰਟੀ ਤੋਂ, ਜੋ ਮੁਕੱਰਰ ਕੀਤੀ ਜਾਵੇ, ਵਿਕਰੀ ਪ੍ਰਮਾਣ-ਪੱਤਰ ਹਾਸਲ ਕਰੇਗਾ।

ਦਲਾਲਾਂ ਦਾ ਲਸੰਸ ਦੇਣਾ।

9. (1) ਕੋਈ ਵਿਅਕਤੀ ਕਿਸੇ ਮੇਲਾ ਖੇਤਰ ਵਿੱਚ ਦਲਾਲ ਵਜੋਂ ਕੰਮ ਨਹੀਂ ਕਰੇਗਾ ਜੇਕਰ ਉਸ ਨੂੰ ਅਜਿਹੇ ਖੇਤਰ ਬਾਰੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਲਸੰਸ ਨਹੀਂ ਦਿੱਤਾ ਜਾਂਦਾ ਜੋ ਉਸ ਵਿੱਚ ਉਲਿਖਤ ਕੀਤੀਆਂ ਜਾਣ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਲਸੰਸ ਅਜਿਹੇ ਫ਼ਾਰਮ ਵਿੱਚ ਹੋਵੇਗਾ, ਅਤੇ ਅਜਿਹੇ ਤਰੀਕੇ ਨਾਲ, ਅਜਿਹੀ ਫ਼ੀਸ ਦੀ ਅਦਾਇਗੀ ਤੇ ਅਤੇ ਅਜਿਹੀ ਅਥਾਰਟੀ ਦੁਆਰਾ, ਜਾਰੀ ਕੀਤਾ ਜਾਵੇਗਾ, ਜੋ ਮੁਕੱਰਰ ਕੀਤੀ ਜਾਵੇ।

(3) ਕੋਈ ਦਲਾਲ ਵਿਕਰੀਕਾਰ ਜਾਂ ਖ਼ਰੀਦਾਰ ਜਾਂ ਦੋਹਾਂ ਤੋਂ ਡੰਗਰ ਮੇਲੇ ਵਿੱਚ ਡੰਗਰ ਦੀ ਵਿਕਰੀ ਜਾਂ ਖ਼ਰੀਦ ਬਾਰੇ ਵੇਚੇ ਗਏ ਡੰਗਰ ਦੀ ਕੀਮਤ ਤੇ ਕੁੱਲ ਮਿਲਾ ਕੇ ਇੱਕ ਰੁਪਿਆ ਪ੍ਰਤੀ ਸੈਂਕੜਾ ਦੀ ਦਰ ਤੋਂ ਵੱਧ ਕਮਿਸ਼ਨ ਮੰਗ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

(4) ਜੇ ਮੇਲਾ ਅਧਿਕਾਰੀ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਦਲਾਲ-ਲਸੰਸ ਦੇ ਧਾਰਕ ਨੇ ਲਸੰਸ ਦੇ ਨਿਬੰਧਨਾਂ ਅਤੇ ਸ਼ਰਤਾਂ ਵਿੱਚੋਂ ਕਿਸੇ ਦੀ ਖ਼ਿਲਾਫ਼ਵਰਜ਼ੀ ਕੀਤੀ ਹੈ ਜਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਵਿੱਚੋਂ ਕਿਸੇ ਦੀ ਉਲੰਘਣਾ ਕੀਤੀ ਹੈ, ਤਾਂ ਉਹ ਦਲਾਲ ਨੂੰ ਸੁਣਵਾਈ ਦਾ ਵਾਜਬੀ ਅਵਸਰ ਦੇਣ ਪਿੱਛੋਂ, ਉਸ ਦਾ ਲਸੰਸ ਮੁਅੱਤਲ ਜਾਂ ਮਨਸੂਖ਼ ਕਰ ਸਕੇਗਾ।

(5) ਦਲਾਲ ਦੇ ਲਸੰਸ ਨੂੰ ਮੁਅੱਤਲ ਜਾਂ ਮਨਸੂਖ਼ ਕਰਨ ਦਾ ਹੁਕਮ ਡਿਪਟੀ ਕਮਿਸ਼ਨਰ ਦੁਆਰਾ ਅਜਿਹੇ ਤਰੀਕੇ ਨਾਲ ਸੁਧਾਈਯੋਗ ਹੋਵੇਗਾ ਜੋ ਮੁਕੱਰਰ ਕੀਤਾ ਜਾਵੇ।

ਮੇਲਾ ਖੇਤਰਾਂ ਵਿੱਚ ਕੁਝ ਕੁ ਵਿਅਕਤੀਆਂ ਅਤੇ ਡੰਗਰਾਂ ਦੀ ਦਾਖ਼ਲੇ ਦੀ ਮਨਾਹੀ ਕਰਨ ਦੀ ਸ਼ਕਤੀ।

10. (1) ਕੋਈ ਵਿਅਕਤੀ-

(ੳ) ਮੇਲਾ ਖੇਤਰ ਅੰਦਰ ਕਿਸੇ ਛੂਤ ਵਾਲੀ ਜਾਂ ਲਾਗ ਵਾਲੀ ਬਿਮਾਰੀ ਨਾਲ ਪੀੜਤ ਕੋਈ ਡੰਗਰ ਨਹੀਂ ਲਿਆਵੇਗਾ; ਜਾਂ

(ਅ) ਮੇਲਾ ਖੇਤਰ ਅੰਦਰ ਡੰਗਰਾਂ ਦੀ ਵਿਕਰੀ ਜਾਂ ਖਰੀਦ ਵਿੱਚ ਰੁਕਾਵਟ ਨਹੀਂ ਪਾਵੇਗਾ, ਨ ਉਸ ਵਿੱਚ ਅਯੋਗ ਦਖ਼ਲ ਦੇਵੇਗਾ ਨਾ ਦਲਾਲਾਂ, ਵਿਕਰੀਕਾਰਾਂ ਜਾਂ ਖਰੀਦਾਰਾਂ ਨੂੰ ਕੁਰਾਹੇ ਪਾਵੇਗਾ ਅਤੇ ਨ ਹੀ ਅਣਉਚਿਤ ਸਾਧਨਾਂ ਨਾਲ ਡੰਗਰ ਮੇਲੇ ਦੀ ਆਮਦਨ ਨੂੰ ਹਾਨ ਪਹੁੰਚਾਵੇਗਾ।

(2) ਮੇਲਾ ਅਧਿਕਾਰੀ ਨੂੰ–

(ੳ) ਉਪ–ਧਾਰਾ (1) ਦੇ ਖੰਡ (ੳ) ਵਿੱਚ ਹਵਾਲਾ ਦਿੱਤੇ ਕਿਸੇ ਡੰਗਰ ਦੇ ਮੇਲਾ ਖੇਤਰ ਵਿੱਚ ਦਾਖ਼ਲੇ ਦੀ ਮਨਾਹੀ ਕਰਨ ਜਾਂ ਅਜਿਹੇ ਖੇਤਰ ਵਿੱਚੋਂ ਅਜਿਹੇ ਡੰਗਰ ਨੂੰ ਬਾਹਰ ਹਕਵਾ ਦੇਣ,

(ਅ) ਜੋ ਜ਼ਰੂਰੀ ਹੋਵੇ ਤਾਂ ਮੇਲਾ ਖੇਤਰ ਵਿੱਚ ਡੰਗਰਾਂ ਨੂੰ ਰੋਗ ਤੋਂ ਉਨਮੁਕਤ ਕਰਾਉਣ,

(ੲ) ਕਿਸੇ ਬਿਮਾਰ ਡੰਗਰ ਨੂੰ ਦੂਜਿਆਂ ਤੋਂ ਵੱਖ ਕਰਨ,

(ਸ) ਮੇਲਾ ਖੇਤਰ ਵਿੱਚ ਮੁਰਦਾ ਡੰਗਰਾਂ ਦੇ ਨਿਬੇੜੇ ਦਾ ਇੰਤਜ਼ਾਮ ਕਰਨ, ਅਤੇ

(ਹ) ਉਪ–ਧਾਰਾ (1) ਦੇ ਖੰਡ (ਅ) ਦੇ ਉਪਬੰਧਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਕਿਸੇ ਹੋਰ ਡੰਨ ਤੋਂ ਇਲਾਵਾ ਜਿਸ ਲਈ ਅਜਿਹਾ ਵਿਅਕਤੀ ਇਸ ਐਕਟ ਅਧੀਨ ਭਾਗੀ ਹੋਵੇ ਮੇਲਾ ਖੇਤਰ ਵਿੱਚੋਂ ਬਾਹਰ ਕੱਢ ਦੇਣ,

ਦੀ ਸ਼ਕਤੀ ਹੋਵੇਗੀ।

(3) ਉਪ–ਧਾਰਾ (2) ਦੇ ਉਪਬੰਧਾਂ ਦੀ ਪਾਲਣਾ ਕਰਨ ਦੇ ਪ੍ਰਯੋਜਨ ਲਈ, ਮੇਲਾ ਅਧਿਕਾਰੀ ਅਜਿਹੇ ਬਲ ਦੀ ਵਰਤੋਂ ਕਰ ਸਕੇਗਾ ਜੋ ਜ਼ਰੂਰੀ ਹੋਵੇ।

ਅੱਗ ਲੱਗ ਜਾਣਾ।

11. ਅੱਗ ਲੱਗ ਜਾਣ ਦੀ ਹਾਲਤ ਵਿੱਚ, ਮੇਲਾ ਅਧਿਕਾਰੀ ਕਿਸੇ ਬਣਤਰ ਨੂੰ ਢਾਹ ਦੇਣ ਦਾ ਹੁਕਮ ਦੇ ਸਕੇਗਾ ਜੇ ਉਸ ਦੀ ਰਾਏ ਵਿੱਚ ਉਸ ਦਾ ਢਾਹਿਆ ਜਾਣਾ ਅੱਗ ਨੂੰ ਫੈਲਣ ਤੋਂ ਰੋਕਣ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ, ਅਤੇ ਇਸ ਧਾਰਾ ਅਧੀਨ ਨੇਕ–ਨੀਤੀ ਨਾਲ ਕੀਤੇ ਗਏ ਜਾਂ ਕੀਤੇ ਜਾਣੇ ਤਾਤਪਰਜਤ ਕਿਸੇ ਕਾਰਜ ਲਈ ਕੋਈ ਦਾਵਾ ਜਾਂ ਹੋਰ ਕਾਰਵਾਈ ਨਹੀਂ ਹੋਵੇਗੀ।

ਅਣ–ਅਧਿਕਾਰਤ ਉਸਾਰੀ ਨੂੰ ਹਟਾਉਣ ਦੀ ਸ਼ਕਤੀ।

12. ਮੇਲਾ ਅਧਿਕਾਰੀ, ਕਿਸੇ ਮੇਲਾ ਖੇਤਰ ਵਿੱਚ, ਕਿਸੇ ਅਣ–ਅਧਿਕਾਰਤ ਉਸਾਰੀ ਨੂੰ ਹਟਾ ਸਕੇਗਾ ਅਤੇ ਜੇ, ਉਸਾਰੀ ਕਰਨ ਵਾਲਾ ਵਿਅਕਤੀ ਮੇਲਾ ਅਧਿਕਾਰੀ ਦੁਆਰਾ ਲਿਖਤੀ ਮੰਗ ਕੀਤੇ ਜਾਣ ਤੇ ਹਟਾਉਣ ਦੇ ਖ਼ਰਚ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਅਜਿਹਾ ਖਰਚ ਉਸ ਤੋਂ ਮਾਲੀਏ ਦੇ ਬਕਾਏ ਵਾਂਗ ਵਸੂਲ ਕੀਤਾ ਜਾ ਸਕੇਗਾ।

ਅਲਾਟੀਆਂ ਦੀ ਬੇਦਖ਼ਲੀ

13. (1) ਜੇ ਕੋਈ ਅਜਿਹਾ ਵਿਅਕਤੀ ਜਿਸ ਨੂੰ ਮੇਲਾ ਖੇਤਰ ਵਿੱਚ ਕੋਈ ਸਥਲ ਅਲਾਟ ਕੀਤਾ ਗਿਆ ਹੈ, ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ

ਉਪਬੰਧਾਂ ਵਿੱਚੋਂ ਕਿਸੇ ਦੀ ਉਲੰਘਣਾ ਕਰੇਗਾ ਤਾਂ ਮੇਲਾ ਅਧਿਕਾਰੀ ਮੇਲਾ ਖੇਤਰ ਵਿੱਚ ਅਲਾਟ ਕੀਤੇ ਗਏ ਸਥਲ ਤੋਂ ਉਸ ਦੀ ਬੇਦਖਲੀ ਦਾ ਹੁਕਮ ਕਰ ਸਕੇਗਾ।

(2) ਜੇ ਕੋਈ ਉਪ-ਧਾਰਾ (1) ਅਧੀਨ ਕੀਤੇ ਗਏ ਹੁਕਮ ਦਾ ਪਾਲਣ ਕਰਨ ਵਿੱਚ ਵਾਜਬੀ ਕਾਰਨ ਤੋਂ ਬਿਨਾਂ ਅਸਫ਼ਲ ਰਹੇਗਾ, ਤਾਂ ਮੇਲਾ ਅਧਿਕਾਰੀ ਉਸ ਸਥਲ ਦਾ ਕਬਜ਼ਾ ਲੈ ਸਕੇਗਾ ਅਤੇ ਉਸ ਪ੍ਰਯੋਜਨ ਲਈ ਅਜਿਹੇ ਬਲ ਦੀ ਵਰਤੋਂ ਕਰ ਸਕੇਗਾ ਜੋ ਜ਼ਰੂਰੀ ਹੋਵੇ।

ਵਿਅਕਤੀਆਂ ਵਿਰੁੱਧ ਸਰਸਰੀ ਕਾਰਵਾਈਆਂ।

14. (1) ਜੇ ਮੇਲਾ ਅਧਿਕਾਰੀ ਕਿਸੇ ਸਮੇਂ ਇਹ ਵਿਸ਼ਵਾਸ਼ ਕਰਨ ਦਾ ਕਾਰਨ ਰੱਖਦਾ ਹੋਵੇ ਕਿ ਕੋਈ ਅਜਿਹਾ ਵਿਅਕਤੀ, ਜਿਸ ਤੋਂ ਵਸੂਲੀਯੋਗ ਕੋਈ ਰਕਮ ਇਸ ਐਕਟ ਦੇ ਉਪਬੰਧਾਂ ਅਧੀਨ ਲੈਣੀ ਬਣਦੀ ਹੈ, ਮੇਲਾ ਖੇਤਰ ਛੱਡ ਕੇ ਜਾਣ ਵਾਲਾ ਹੈ, ਤਾਂ ਮੇਲਾ ਅਧਿਕਾਰੀ ਬਣਦੀ ਰਕਮ ਲਈ ਬਿਲ ਅਜਿਹੇ ਵਿਅਕਤੀ ਨੂੰ ਪੇਸ਼ ਕਰਵਾ ਸਕੇਗਾ ਅਤੇ ਉਸ ਦੀ ਤੁਰੰਤ ਅਦਾਇਗੀ ਦੀ ਮੰਗ ਕਰ ਸਕੇਗਾ।

(2) ਜੇ, ਅਜਿਹੇ ਬਿਲ ਦੇ ਪੇਸ਼ ਕੀਤੇ ਜਾਣ ਤੇ, ਉਕਤ ਵਿਅਕਤੀ ਬਣਦੀ ਰਕਮ ਤਤਕਾਲ ਅਦਾ ਨਹੀਂ ਕਰਦਾ, ਤਾਂ ਉਹ ਰਕਮ ਅਜਿਹੇ ਵਿਅਕਤੀ ਦੇ ਕਬਜ਼ੇ ਵਿਚਲੇ ਡੰਗਰ ਜਾਂ ਹੋਰ ਚੁੱਕਵੀਂ ਸੰਪੱਤੀ ਦੀ ਮੁਕੱਰਰ ਤਰੀਕੇ ਨਾਲ ਗ੍ਰਿਫ਼ਤ ਅਤੇ ਵਿਕਰੀ ਦੁਆਰਾ ਵਸੂਲ ਕੀਤੀ ਜਾਵੇਗੀ।

(3) ਜਿੱਥੇ ਕਿਸੇ ਵਿਅਕਤੀ ਦੁਆਰਾ ਦੇਣੀ ਬਣਦੀ ਕੋਈ ਰਕਮ ਉਪ-ਧਾਰਾ (2) ਅਧੀਨ ਵਸੂਲ ਨਹੀਂ ਹੋ ਸਕਦੀ ਜਾਂ ਕੇਵਲ ਅੰਸ਼ਕ ਤੌਰ ਤੇ ਵਸੂਲ ਹੋਈ ਹੈ, ਉੱਥੇ ਮੇਲਾ ਅਧਿਕਾਰੀ ਦੁਆਰਾ ਲਿਖਤੀ ਮੰਗ ਕੀਤੇ ਜਾਣ ਤੇ ਜੇ ਅਜਿਹਾ ਵਿਅਕਤੀ ਉਸ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਅਜਿਹੀ ਰਕਮ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦੀ ਬਾਕੀ ਮਾਲੀਏ ਦੇ ਬਕਾਏ ਵਾਂਗ ਵਸੂਲ ਕੀਤੀ ਜਾ ਸਕੇਗੀ।

15. * * * * * * *

ਡੰਗਰ ਮੇਲਾ ਫ਼ੰਡ।

16. (1) "ਡੰਗਰ ਮੇਲਾ ਫ਼ੰਡ" ਕਹਾਉਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ ਜਿਸ ਵਿੱਚ,-

(ੳ) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਅਧੀਨ ਪ੍ਰਾਪਤ ਜਾਂ ਵਸੂਲ ਕੀਤੀਆਂ ਸਭ ਫ਼ੀਸਾਂ, ਕਿਰਾਏ ਜਾਂ ਧਨ ਦੀਆਂ ਕੋਈ ਹੋਰ ਰਕਮਾਂ (ਜੋ ਟੋਲ ਅਤੇ ਟੈਕਸ ਨ ਹੋਣ); ਅਤੇ

(ਅ) ਰਾਜ ਸਰਕਾਰ, ਸਥਾਨਕ ਅਥਾਰਟੀ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਫ਼ੰਡ ਨੂੰ ਦਿੱਤੇ ਗਏ ਸਭ ਦਾਨ ਜਾਂ ਗ੍ਰਾਂਟਾਂ,

ਜਮ੍ਹਾਂ ਕੀਤੀਆਂ ਜਾਣਗੀਆਂ।

(2) ਡੰਗਰ ਮੇਲਾ ਫ਼ੰਡ ਅਜਿਹੇ ਸਰਕਾਰੀ ਖਜ਼ਾਨੇ ਜਾਂ ਉਪ-ਖਜ਼ਾਨੇ ਵਿੱਚ ਰੱਖਿਆ ਜਾਵੇਗਾ ਜੋ ਰਾਜ ਸਰਕਾਰ ਦੁਆਰਾ ਉਲਿਖਤ ਕੀਤਾ ਜਾਵੇ।

17. ਡੰਗਰ ਮੇਲਾ ਫ਼ੰਡ ਅਜਿਹੀ ਅਥਾਰਟੀ ਦੁਆਰਾ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਹੱਦ ਤੱਕ ਓਪਰੇਟ ਕੀਤਾ ਜਾਵੇਗਾ ਜਿਸ ਦਾ ਰਾਜ ਸਰਕਾਰ ਜਾਂ ਡਿਪਟੀ ਕਮਿਸ਼ਨਰ, ਜੇ ਉਹ ਰਾਜ ਸਰਕਾਰ ਦੁਆਰਾ ਇਸ ਲਈ ਅਖ਼ਤਿਆਰਤ ਹੋਵੇ, ਲਿਖਤੀ ਰੂਪ ਵਿੱਚ ਹੁਕਮ ਦੁਆਰਾ ਨਿਦੇਸ਼ ਦੇਵੇ ਅਤੇ ਉਹ ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਮਾਮਲਿਆਂ ਨਾਲ ਅਨੁਸੰਗਕ ਸਭ ਸੇਵਾ-ਫ਼ਲਾਂ ਅਤੇ ਖਰਚਾਂ ਦੀ, ਪੂਰੀ ਜਾਂ ਅੰਸ਼ਕ ਅਦਾਇਗੀ ਦੇ ਪ੍ਰਯੋਜਨਾਂ ਲਈ ਵਰਤੋਂਯੋਗ ਹੋਵੇਗਾ, ਜਿਨ੍ਹਾਂ ਵਿੱਚ ਹੇਠ-ਲਿਖੇ ਪ੍ਰਯੋਜਨ ਸ਼ਾਮਲ ਹੋਣਗੇ, ਅਰਥਾਤ:- ਡੰਗਰ ਮੇਲਾ ਫ਼ੰਡ ਦੀ ਵਰਤੋਂ।

(ੳ) ਡੰਗਰ ਮੇਲੇ ਲਾਉਣ, ਉਨ੍ਹਾਂ ਤੇ ਕੰਟਰੋਲ, ਉਨ੍ਹਾਂ ਦਾ ਪ੍ਰਬੰਧ ਕਰਨ ਜਾਂ ਉਨ੍ਹਾਂ ਨੂੰ ਵਿਨਿਯਮਤ ਕਰਨ ਲਈ ਅਤੇ ਉਨ੍ਹਾਂ ਨਾਲ ਤੱਲਕ ਰੱਖਣ ਵਾਲੇ ਜਾਂ ਉਨ੍ਹਾਂ ਨਾਲ ਅਨੁਸੰਗਕ ਮਾਮਲਿਆਂ ਲਈ ਜ਼ਰੂਰੀ ਸਭ ਖ਼ਰਚ;

(ਅ) ਡੰਗਰ ਮੇਲੇ ਦੇ ਤੱਲਕ ਵਿੱਚ ਨਿਯੋਜਤ ਵਿਅਕਤੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ;

(ੲ) ਫ਼ੰਡ ਦੇ ਲੇਖਿਆਂ ਦੇ ਅਜਿਹੇ ਆਡੀਟਰਾਂ ਦੁਆਰਾ ਆਡਿਟ ਲਈ ਅਜਿਹੀਆਂ ਦਰਾਂ ਤੇ ਫ਼ੀਸਾਂ ਦੀ ਅਦਾਇਗੀ, ਜੋ ਰਾਜ ਸਰਕਾਰ ਤੈਅ ਕਰੇ;

(ਸ) * * * * *

(ਹ) ਸਥਾਨਕ ਅਥਾਰਟੀਆਂ ਨੂੰ ਡੰਗਰਾਂ ਜਾਂ ਪਸ਼ੂ ਪਾਲਣ ਦੇ ਵਿਕਾਸ ਜਾਂ ਅਜਿਹੇ ਹੋਰ ਪ੍ਰਯੋਜਨਾਂ ਲਈ, ਜੋ ਰਾਜ ਸਰਕਾਰ ਠੀਕ ਸਮਝੇ, ਅਜਿਹੇ ਅਨੁਪਾਤ ਵਿੱਚ ਫ਼ੰਡ ਟਿਕਣ ਜੋ ਰਾਜ ਸਰਕਾਰ ਠੀਕ ਸਮਝੇ; ਜਾਂ

(ਕ) ਅਜਿਹੇ ਪ੍ਰਯੋਜਨਾਂ ਲਈ ਜਿਨ੍ਹਾਂ ਦਾ ਰਾਜ ਸਰਕਾਰ, ਲਿਖਤੀ ਹੁਕਮ ਦੁਆਰਾ, ਨਿਦੇਸ਼ ਦੇਵੇ।

18. (1) ਕੋਈ ਵਿਅਕਤੀ, ਜੋ ਧਾਰਾ 3 ਦੀ ਉਪ-ਧਾਰਾ (2) ਦੇ ਉਪਬੰਧਾਂ ਦੀ ਉਲੰਘਣਾ ਕਰੇਗਾ- ਡੰਨ।

(ੳ) ਉਹ ਪਹਿਲੇ ਅਪਰਾਧ ਲਈ, ਕੈਦ ਦੀ ਜੋ ਤਿੰਨ ਸਾਲ ਤੱਕ ਹੋ ਸਕੇਗੀ ਜਾਂ ਜੁਰਮਾਨੇ ਦੀ ਜੋ ਪੰਜ ਹਜਾਰ ਰੁਪਏ ਤੱਕ ਹੋ ਸਕੇਗਾ ਜਾਂ ਦੋਹਾਂ ਦੀ ਸਜ਼ਾ ਦਿੱਤੇ ਜਾਣਯੋਗ ਹੋਵੇਗਾ; ਅਤੇ

(ਅ) ਕਿਸੇ ਦੂਜੇ ਜਾਂ ਉੱਤਰਵਰਤੀ ਅਪਰਾਧ ਲਈ ਕੈਦ ਦੀ ਜੋ ਪੰਜ ਸਾਲ ਤੱਕ ਹੋ ਸਕੇਗੀ ਜਾਂ ਜੁਰਮਾਨੇ ਦੀ ਜੋ ਦਸ ਹਜਾਰ ਰੁਪਏ ਤੱਕ ਹੋ ਸਕੇਗਾ ਜਾਂ ਦੋਹਾਂ ਦੀ ਸਜ਼ਾ ਦਿੱਤੇ ਜਾਣਯੋਗ ਹੋਵੇਗਾ:

ਪਰੰਤੂ ਦੂਜੇ ਜਾਂ ਉੱਤਰਵਰਤੀ ਅਪਰਾਧ ਦੀ ਸੂਰਤ ਵਿੱਚ ਅਦਾਲਤ ਦੇ ਨਿਰਣੇ ਵਿੱਚ ਜ਼ਿਕਰ ਕੀਤੇ ਜਾਣ ਵਾਲੇ ਵਿਸ਼ੇਸ਼ ਅਤੇ ਚੋਖੇ ਕਾਰਨ ਨ ਹੋਣ ਦੀ ਸੂਰਤ ਵਿੱਚ, ਅਜਿਹੀ

ਕੈਦ ਦੋ ਸਾਲ ਤੋਂ ਘੱਟ ਨਹੀਂ ਹੋਵੇਗੀ ਅਤੇ ਅਜਿਹਾ ਜੁਰਮਾਨਾ ਪੰਜ ਹਜਾਰ ਰੁਪਏ ਤੋਂ ਘੱਟ ਨਹੀਂ ਹੋਵੇਗਾ।

(2) ਕੋਈ ਵਿਅਕਤੀ, ਜੋ ਇਸ ਐਕਟ ਦੀ ਧਾਰਾ 8 ਜਾਂ ਧਾਰਾ 9 ਦੀ ਉਪ-ਧਾਰਾ (1) ਜਾਂ ਉਪ-ਧਾਰਾ (3), ਜਾਂ ਧਾਰਾ 10 ਦੀ ਉਪ-ਧਾਰਾ (1) ਦੇ, ਜਾਂ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾ ਦੀ ਉਲੰਘਣਾ ਕਰੇਗਾ, ਉਹ ਕੈਦ ਦੀ ਜੋ ਇੱਕ ਮਹੀਨੇ ਤੱਕ ਹੋ ਸਕੇਗੀ ਜਾਂ ਜੁਰਮਾਨੇ ਦੀ ਜੋ ਪੰਜ ਸੌ ਰੁਪਏ ਤੱਕ ਹੋ ਸਕੇਗਾ ਜਾਂ ਦੋਹਾਂ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਅਪਰਾਧਾਂ ਦਾ ਸਮਾਇਤ ਅਧਿਕਾਰ।

19. (1) ਜ਼ਾਬਤਾ ਫ਼ੌਜਦਾਰੀ ਸੰਘਤਾ, 1898 (1898 ਦਾ 5) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਧਾਰਾ 18 ਦੀ ਉਪ-ਧਾਰਾ (1) ਅਧੀਨ ਸਜ਼ਾਯੋਗ ਅਪਰਾਧ ਪੁਲਿਸ ਦੁਆਰਾ ਹੱਥ ਪਾਉਣਯੋਗ ਅਤੇ ਜ਼ਮਾਨਤ ਅਯੋਗ ਹੋਵੇਗਾ।

(2) ਕੋਈ ਅਦਾਲਤ, ਧਾਰਾ 18 ਦੀ ਉਪ-ਧਾਰਾ (2) ਅਧੀਨ ਸਜ਼ਾਯੋਗ ਕਿਸੇ ਅਪਰਾਧ ਦਾ ਸਮਾਇਤ-ਅਧਿਕਾਰ, ਮੇਲਾ ਅਧਿਕਾਰੀ ਜਾਂ ਡਿਪਟੀ ਕਮਿਸ਼ਨਰ ਦੁਆਰਾ ਇਸ ਨਮਿੱਤ ਅਖ਼ਤਿਆਰਤ ਕਿਸੇ ਹੋਰ ਅਜਿਹੇ ਅਧਿਕਾਰੀ ਦੁਆਰਾ, ਜਿਸ ਦਾ ਰੈਂਕ ਗਜ਼ਟਿਡ ਅਧਿਕਾਰੀ ਤੋਂ ਥੱਲੇ ਨ ਹੋਵੇ, ਲਿਖਤੀ ਰੂਪ ਵਿੱਚ ਕੀਤੀ ਗਈ ਸ਼ਿਕਾਇਤ ਤੋਂ ਬਿਨਾਂ ਨਹੀਂ ਲਵੇਗੀ।

(3) ਧਾਰਾ 18 ਦੀ ਉਪ-ਧਾਰਾ (2) ਅਧੀਨ ਸਜ਼ਾਯੋਗ ਅਪਰਾਧ ਦਾ ਵਿਚਾਰਣ ਸਰਸਰੀ ਤਰੀਕੇ ਨਾਲ ਕੀਤਾ ਜਾ ਸਕੇਗਾ।

ਤਸਫ਼ੀਆਂ।

20. ਮੇਲਾ ਅਧਿਕਾਰੀ ਧਾਰਾ 18 ਦੀ ਉਪ-ਧਾਰਾ (2) ਅਧੀਨ ਸਜ਼ਾਯੋਗ ਅਪਰਾਧ ਨਾਲ ਅਰੋਪੇ ਕਿਸੇ ਵਿਅਕਤੀ ਤੋਂ ਅਪਰਾਧ ਦੇ ਤਸਫ਼ੀਏ ਦੇ ਤੌਰ ਤੇ ਪੰਜ ਸੌ ਰੁਪਏ ਤੋਂ ਨ ਵੱਧ ਦੀ ਰਕਮ ਸਵੀਕਾਰ ਕਰ ਸਕੇਗਾ ਅਤੇ ਅਜਿਹੀ ਅਦਾਇਗੀ ਤੇ ਅਜਿਹਾ ਵਿਅਕਤੀ, ਜੇ ਹਿਰਾਸਤ ਵਿੱਚ ਹੋਵੇ ਛੱਡ ਦਿੱਤਾ ਜਾਵੇਗਾ ਅਤੇ ਤਸਫ਼ੀਆ ਬਰੀਅਤ ਦੇ ਸਮਾਨ ਸਮਝਿਆ ਜਾਵੇਗਾ ਅਤੇ ਉਸੇ ਅਪਰਾਧ ਬਾਰੇ ਅਜਿਹੇ ਵਿਅਕਤੀ ਵਿਰੁੱਧ ਕੋਈ ਹੋਰ ਕਾਰਵਾਈ ਕਿਸੇ ਸੂਰਤ ਵਿੱਚ ਨਹੀਂ ਕੀਤੀ ਜਾਵੇਗੀ।

ਵਿਨਿਯਮ ਬਣਾਉਣ ਦੀ ਸ਼ਕਤੀ।

21. ਮੇਲਾ ਅਧਿਕਾਰੀ ਅੱਗ ਲੱਗਣ ਜਾਂ ਫੈਲਣ ਵਿਰੁੱਧ ਆਮ ਕਰਕੇ ਅਤੇ ਹੇਠ-ਲਿਖੇ ਪ੍ਰਯੋਜਨਾਂ ਲਈ ਖ਼ਾਸ ਕਰਕੇ, ਅਰਥਾਤ-

(i) ਮੇਲਾ ਖੇਤਰ ਵਿੱਚ ਬਣਾਈਆਂ ਇਮਾਰਤਾਂ ਅਤੇ ਬਣਤਾਂ ਦੀ ਸੁਰੱਖਿਅਤਾ;

(ii) ਉਹ ਸ਼ਰਤਾਂ ਰੱਖਣ ਦਾ, ਜਿਨ੍ਹਾਂ ਤੇ ਝੁੱਗੀਆਂ ਅਤੇ ਹੋਰ ਬਣਤਾਂ ਉਸਾਰੀਆਂ ਜਾ ਸਕਣਗੀਆਂ, ਜਿਨ੍ਹਾਂ ਵਿੱਚ ਅਜਿਹੀਆਂ ਝੁੱਗੀਆਂ ਜਾਂ ਬਣਤਾਂ ਦੀਆਂ ਉਚਾਈਆਂ ਦੀਆਂ ਸੀਮਾਵਾਂ ਅਤੇ ਉਹ ਖੇਤਰ ਜਿਨ੍ਹਾਂ ਤੇ ਉਹ ਤਾਮੀਰ ਕੀਤੀਆਂ ਜਾਣੀਆਂ ਹਨ ਅਤੇ ਉਨ੍ਹਾਂ ਵਿਚਕਾਰ ਫ਼ਾਸਲੇ ਸ਼ਾਮਲ ਹਨ;

(iii) ਪਾਣੀ ਦੀ ਸਪਲਾਈ ਦਾ ਪ੍ਰਬੰਧ ਕਰਨ ਦਾ;

(iv) ਖਾਣਾ ਪਕਾਉਣ ਜਾਂ ਕਿਸੇ ਹੋਰ ਪ੍ਰਯੋਜਨ ਲਈ ਗੱਲ ਦੀ ਵਰਤੋਂ ਤੇ ਪਾਬੰਦੀ ਲਾਉਣਾ ਅਤੇ ਅੱਗ ਫ਼ੈਲਣ ਵਿਰੁੱਧ ਇਹਤਿਆਤ ਕਰਨ ਦਾ,

ਉਪਬੰਧ ਕਰਨ ਲਈ, ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ ਅਤੇ ਰਾਜ ਸਰਕਾਰ ਦੀ ਪਰਵਾਨਗੀ ਨਾਲ, ਵਿਨਿਯਮ ਬਣਾ ਸਕੇਗਾ।

ਨਿਯਮ ਬਣਾਉਣ ਦੀ ਸ਼ਕਤੀ।

22. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਭ ਮਾਮਲਿਆਂ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਉਹ ਤਰੀਕਾ ਜਿਸ ਨਾਲ ਧਾਰਾ 4 ਦੀ ਉਪ-ਧਾਰਾ (2) ਦੇ ਖੰਡ (iii) ਅਧੀਨ ਡੰਗਰ ਮੇਲੇ ਦੇ ਮੁਤੱਲਕ ਵਣਜਕ ਜਾਂ ਹੋਰ ਪ੍ਰਯੋਜਨਾਂ ਲਈ ਅਸਥਾਈ ਤੌਰ ਤੇ ਸਥਲ ਅਲਾਟ ਕੀਤੇ ਜਾਣਗੇ ਅਤੇ ਉਨ੍ਹਾਂ ਦੇ ਕਿਰਾਏ ਨਿਯਤ ਕੀਤੇ ਜਾਣਗੇ;

(ਅ) ਉਹ ਤਰੀਕਾ ਜਿਸ ਨਾਲ ਅਤੇ ਉਹ ਦਰ ਜਿਸ ਤੇ ਟੋਲ ਅਤੇ ਟੈਕਸ ਲਾਏ, ਨਿਰਧਾਰਤ ਕੀਤੇ ਅਤੇ ਉਗਰਾਹੇ ਜਾਣਗੇ;

(ੲ) ਉਹ ਤਰੀਕਾ ਜਿਸ ਨਾਲ, ਉਹ ਫ਼ੀਸ ਜਿਸ ਦੀ ਅਦਾਇਗੀ ਤੇ ਅਤੇ ਉਹ ਅਥਾਰਟੀ ਜਿਸ ਦੁਆਰਾ ਧਾਰਾ 8 ਅਧੀਨ ਰਜਿਸਟਰੀਕਰਨ ਪ੍ਰਮਾਣ-ਪੱਤਰ ਅਤੇ ਵਿਕਰੀ ਪ੍ਰਮਾਣ-ਪੱਤਰ ਜਾਰੀ ਕੀਤੇ ਜਾਣਗੇ;

(ਸ) ਉਹ ਫ਼ਾਰਮ ਜਿਸ ਵਿੱਚ ਅਤੇ ਉਹ ਤਰੀਕਾ ਜਿਸ ਨਾਲ, ਉਹ ਫ਼ੀਸ ਜਿਸ ਦੀ ਅਦਾਇਗੀ ਤੇ ਅਤੇ ਉਹ ਅਥਾਰਟੀ ਜਿਸ ਦੁਆਰਾ ਧਾਰਾ 9 ਦੀ ਉਪ-ਧਾਰਾ (2) ਵਿੱਚ ਹਵਾਲਾ ਦਿੱਤੇ ਲਸੰਸ ਜਾਰੀ ਕੀਤੇ ਜਾਣਗੇ;

(ਹ) ਉਹ ਤਰੀਕਾ ਜਿਸ ਨਾਲ, ਅਤੇ ਉਹ ਫ਼ੀਸ ਜਿਸ ਦੀ ਅਦਾਇਗੀ ਤੇ ਡਿਪਟੀ ਕਮਿਸ਼ਨਰ ਧਾਰਾ 9 ਦੀ ਉਪ-ਧਾਰਾ (5) ਅਧੀਨ ਦਲਾਲ ਦਾ ਲਸੰਸ ਮੁਅੱਤਲ ਜਾਂ ਮਨਸੂਖ਼ ਕਰਨ ਦੇ ਹੁਕਮ ਦੀ ਸੁਧਾਈ ਕਰੇਗਾ;

(ਕ) ਉਹ ਤਰੀਕਾ ਜਿਸ ਨਾਲ ਧਾਰਾ 14 ਦੀ ਉਪ-ਧਾਰਾ (2) ਅਧੀਨ ਪਸ਼ੂਆਂ ਜਾਂ ਚੁੱਕਵੀਂ ਸੰਪੱਤੀ ਦੀ ਗ੍ਰਿਫ਼ਤ ਅਤੇ ਵਿਕਰੀ ਕੀਤੀ ਜਾਵੇਗੀ;

(ਖ) ਉਹ ਰਕਮ ਜਿਸ ਦੇ ਜਮ੍ਹਾਂ ਕਰਵਾਉਣ ਲਈ ਧਾਰਾ 15 ਅਧੀਨ ਨਿਦੇਸ਼ ਦਿੱਤਾ ਜਾ ਸਕੇਗਾ;

(ਗ) ਉਹ ਤਰੀਕਾ ਜਿਸ ਨਾਲ ਡੰਗਰ ਮੇਲਾ ਫ਼ੰਡ ਗਠਤ ਕੀਤਾ ਜਾਵੇਗਾ ਅਤੇ ਅਜਿਹੇ ਫ਼ੰਡ ਦੇ ਉਚਿਤ ਇੰਤਜ਼ਾਮ ਦੇ ਮੁਤੱਲਕ ਮਾਮਲੇ;

(ਘ) ਮੇਲਾ ਖੇਤਰ ਵਿੱਚ ਸਫ਼ਾਈ ਅਤੇ ਬਿਮਾਰੀਆਂ ਦਾ ਕੰਟਰੋਲ; ਅਤੇ

(ਙ) ਕੋਈ ਹੋਰ ਪ੍ਰਯੋਜਨ ਜਿਸ ਲਈ ਨਿਯਮ ਬਣਾਏ ਜਾਣੇ ਲੋੜੀਂਦੇ ਹਨ ਜਾਂ ਬਣਾਏ ਜਾ ਸਕਦੇ ਹਨ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਉਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ, ਜਾਂ ਉਸ ਤੋਂ ਤੁਰੰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ ਵਿਧਾਨ ਮੰਡਲ ਉਸ ਨਿਯਮ ਵਿੱਚ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਵਿਧਾਨ-ਮੰਡਲ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ, ਜਾਂ ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ, ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਐਕਟ ਦਾ ਹੋਰ ਕਾਨੂੰਨਾਂ ਤੇ ਪਰਮ ਪ੍ਰਭਾਵੀ ਹੋਣਾ।

23. ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਇਹਨਾਂ ਨਾਲ ਅਸੰਗਤ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧ ਪ੍ਰਭਾਵੀ ਹੋਣਗੇ।

ਨਿਰਸਨ ਅਤੇ ਬਚਾਉ।

24. (1) ਪੰਜਾਬ ਡੰਗਰ ਮੇਲੇ (ਵਿਨਿਯਮਨ) ਆਰਡੀਨੈਂਸ, 1967 (1967 ਦਾ ਆਰਡੀਨੈਂਸ ਨੰ: 14) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਕਤ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ ਇਸ ਐਕਟ ਅਧੀਨ ਕੀਤੀ ਗਈ ਸਮਝੀ ਜਾਵੇਗੀ ਮਾਨੋਂ ਇਹ ਐਕਟ 4 ਨਵੰਬਰ, 1967 ਨੂੰ ਨਾਫ਼ਜ਼ ਹੋਇਆ ਸੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3582/12-2025/Pb. Govt. Press, S.A.S. Nagar*

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 12 ਦਸੰਬਰ, 2025

ਨੰ. 64/ਭ:ਕ/2025.- ਪੰਜਾਬ ਰਾਜ ਵਿਧਾਨ ਮੰਡਲ ਮੈਂਬਰ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮ) ਐਕਟ, 1977 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 12th December, 2025

**No. 64/L.C./2025.**— The Translation in Punjabi of the Punjab State Legislature Members (Pension and Medical Facilities Regulation) Act, 1977 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਰਾਜ ਵਿਧਾਨ ਮੰਡਲ ਮੈਂਬਰ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮ) ਐਕਟ, 1977

(1977 ਦਾ ਪੰਜਾਬ ਐਕਟ ਨੰ. 5)

ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰ ਰਹੇ ਵਿਅਕਤੀਆਂ ਨੂੰ ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅਠਾਈਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਰਾਜ ਵਿਧਾਨ ਮੰਡਲ ਮੈਂਬਰ (ਪੈਨਸ਼ਨ ਅਤੇ ਮੈਡੀਕਲ ਸਹੂਲਤਾਂ ਵਿਨਿਯਮ) ਐਕਟ, 1977 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜਿਵੇਂ ਰਾਜ ਸਰਕਾਰ ਅਧਿਸੂਚਨਾ ਦੁਆਰਾ ਨਿਯਤ ਕਰੇ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ, "ਮੈਂਬਰ" ਦਾ ਮਤਲਬ ਹੈ ਉਹ ਵਿਅਕਤੀ ਜੋ, ਭਾਰਤ ਦੇ ਸੰਵਿਧਾਨ ਦੇ ਅਰੰਭ ਤੋਂ ਬਾਅਦ, ਪਰਿਭਾਸ਼ਾ ।

(i) ਪੰਜਾਬ ਵਿਧਾਨ ਸਭਾ; ਜਾਂ

(ii) ਪੰਜਾਬ ਵਿਧਾਨ ਪ੍ਰੀਸ਼ਦ; ਜਾਂ

(iii) ਪੂਰਬਲੇ ਪਟਿਆਲਾ ਰਾਜ ਅਤੇ ਪੂਰਬੀ ਪੰਜਾਬ ਰਾਜ ਸੰਘ ਦੀ ਵਿਧਾਨ ਸਭਾ; ਜਾਂ

(iv) ਅੰਸ਼ਕ ਤੌਰ 'ਤੇ ਇੱਕ ਦੇ ਮੈਂਬਰ ਵਜੋਂ ਅਤੇ ਅੰਸ਼ਕ ਤੌਰ 'ਤੇ ਹੋਰ ਦੇ ਮੈਂਬਰ ਵਜੋਂ,

ਮੈਂਬਰ ਰਿਹਾ ਹੈ।

ਪੈਨਸ਼ਨ ।

3. (1) ਹਰੇਕ ਵਿਅਕਤੀ ਨੂੰ, ਜੋ ਮੈਂਬਰ ਦੇ ਤੌਰ 'ਤੇ ਰਿਹਾ ਹੈ, ਪ੍ਰਤੀ ਮਹੀਨਾ ਸੱਠ ਹਜ਼ਾਰ ਰੁਪਏ ਪੈਨਸ਼ਨ ਅਤੇ ਉਸ 'ਤੇ ਮਹਿੰਗਾਈ ਭੱਤਾ (ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਨੂੰ ਮਿਲਣਯੋਗ ਹੈ) ਅਦਾ ਕੀਤਾ ਜਾਵੇਗਾ, ਇਸ ਗੱਲ ਦੇ ਬਿਨਾਂ ਲਿਹਾਜ਼ ਦੇ ਕਿ ਉਸਨੇ ਮੈਂਬਰ ਵਜੋਂ ਕਿੰਨੇ ਵੀ ਕਾਰਜਕਾਲ ਸੇਵਾ ਕੀਤੀ ਹੋਵੇ ਅਤੇ ਪੰਜਾਬ ਵਿਧਾਨ ਸਭਾ ਦੀਆਂ ਅਉਧਾਂ ਦੇ ਬਿਨਾਂ ਲਿਹਾਜ਼ ਦੇ, ਜਿਸ ਵਿੱਚ ਉਸਨੇ ਮੈਂਬਰ ਵਜੋਂ ਸੇਵਾ ਕੀਤੀ ਹੋਵੇ:

ਪਰੰਤੂ ਜਦੋਂ ਕੋਈ ਵਿਅਕਤੀ, ਜਿਸਨੇ ਮੈਂਬਰ ਵਜੋਂ ਸੇਵਾ ਨਿਭਾਈ ਸੀ, ਪੈਂਹਠ ਸਾਲ, ਪਝੱਤਰ ਸਾਲ ਅਤੇ ਅੱਸੀ ਸਾਲ ਦੀ ਉਮਰ ਪ੍ਰਾਪਤ ਕਰ ਲੈਂਦਾ ਹੈ, ਤਾਂ ਉਹ ਅਜਿਹੀ ਉਮਰ ਦੀ ਪ੍ਰਾਪਤੀ 'ਤੇ ਉਸਨੂੰ ਮਿਲਣਯੋਗ ਮੂਲ ਪੈਨਸ਼ਨ ਦੇ ਪੰਜ ਪ੍ਰਤੀਸ਼ਤ, ਦਸ ਪ੍ਰਤੀਸ਼ਤ ਅਤੇ ਪੰਦਰਾਂ ਪ੍ਰਤੀਸ਼ਤ ਕ੍ਰਮਵਾਰ ਵਾਧੇ ਦਾ ਹੱਕਦਾਰ ਹੋਵੇਗਾ।

(1-ੳ) * * *

(1-ੲ) * * *

(1-ਸ) * * *

(1-ਹ) * * *

(2) ਜਿੱਥੇ ਪੈਨਸ਼ਨ ਦਾ ਹੱਕਦਾਰ ਕੋਈ ਵਿਅਕਤੀ, ਉਪ-ਧਾਰਾ (1) ਦੇ ਅਧੀਨ,

(i) ਭਾਰਤ ਦੇ ਰਾਸ਼ਟਰਪਤੀ ਜਾਂ ਉਪ-ਰਾਸ਼ਟਰਪਤੀ ਦੇ ਅਹੁਦੇ ਲਈ ਚੁਣਿਆ ਗਿਆ ਹੈ ਜਾਂ ਕਿਸੇ ਰਾਜ ਦੇ ਰਾਜਪਾਲ ਜਾਂ ਕਿਸੇ ਸੰਘ ਰਾਜ ਖੇਤਰ ਦੇ ਪ੍ਰਸ਼ਾਸਕ ਦੇ ਅਹੁਦੇ ਤੇ ਨਿਯੁਕਤ ਕੀਤਾ ਗਿਆ ਹੈ; ਜਾਂ

(ii) ਰਾਜ ਸਭਾ ਜਾਂ ਲੋਕ ਸਭਾ ਜਾਂ ਕਿਸੇ ਰਾਜ ਜਾਂ ਸੰਘ ਰਾਜ ਖੇਤਰ ਦੀ ਕਿਸੇ ਵਿਧਾਨ ਸਭਾ ਜਾਂ ਕਿਸੇ ਰਾਜ ਦੀ ਵਿਧਾਨ ਪ੍ਰੀਸ਼ਦ ਜਾਂ ਦਿੱਲੀ ਪ੍ਰਸ਼ਾਸਨ ਐਕਟ, 1966 ਦੀ ਧਾਰਾ 3 ਦੇ ਅਧੀਨ ਗਠਤ ਦਿੱਲੀ ਦੀ ਮਹਾਂਨਗਰ ਪਰਿਸ਼ਦ ਦਾ ਮੈਂਬਰ ਬਣ ਜਾਂਦਾ ਹੈ; ਜਾਂ

(iii) ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਅਧੀਨ ਕਿਸੇ ਨਿਗਮ ਜਾਂ ਕਿਸੇ ਸਥਾਨਕ ਅਥਾਰਟੀ ਅਧੀਨ ਤਨਖਾਹ 'ਤੇ ਨਿਯੋਜਤ ਹੈ ਜਾਂ ਹੋਰ ਤਰ੍ਹਾਂ ਅਜਿਹੀ ਸਰਕਾਰ, ਨਿਗਮ ਜਾਂ ਸਥਾਨਕ ਅਥਾਰਟੀ ਤੋਂ ਕਿਸੇ ਮਿਹਨਤਾਨੇ ਦਾ ਹੱਕਦਾਰ ਬਣ ਜਾਂਦਾ ਹੈ;

ਅਜਿਹਾ ਵਿਅਕਤੀ ਉਸ ਮੁੱਦਤ ਲਈ ਉਪ-ਧਾਰਾ (1) ਦੇ ਅਧੀਨ ਪੈਨਸ਼ਨ ਦਾ ਹੱਕਦਾਰ ਹੋਵੇਗਾ ਜਦੋਂ ਉਹ ਅਜਿਹਾ ਅਹੁਦਾ ਜਾਂ ਅਜਿਹੇ ਮੈਂਬਰ ਵਜੋਂ ਧਾਰਨ ਕਰਦਾ ਹੈ, ਜਾਂ ਇਸ ਤਰ੍ਹਾਂ ਨਿਯੋਜਤ ਹੈ, ਜਾਂ ਅਜਿਹਾ ਮਿਹਨਤਾਨਾ ਧਾਰਨ ਕਰੀ ਰੱਖਣ ਦਾ ਹੱਕਦਾਰ ਰਹਿੰਦਾ ਹੈ:

ਪਰੰਤੂ ਜਿੱਥੇ ਅਜਿਹੇ ਵਿਅਕਤੀ ਨੂੰ ਅਜਿਹਾ ਅਹੁਦਾ ਧਾਰਨ ਕਰਨ ਜਾਂ ਅਜਿਹਾ ਮੈਂਬਰ ਹੋਣ ਜਾਂ ਇਸ ਤਰ੍ਹਾਂ ਨਿਯੋਜਤ ਹੋਣ ਲਈ ਅਦਾਇਗੀਯੋਗ ਤਨਖਾਹ, ਜਾਂ ਜਿੱਥੇ ਖੰਡ (iii) ਵਿੱਚ ਹਵਾਲਾ ਦਿੱਤੇ ਗਏ ਅਦਾਇਗੀਯੋਗ ਮਿਹਨਤਾਨੇ, ਕਿਸੇ ਵੀ ਸੂਰਤ ਵਿੱਚ, ਉਸਨੂੰ ਉਪ-ਧਾਰਾ (1) ਅਧੀਨ ਅਦਾਇਗੀਯੋਗ ਪੈਨਸ਼ਨ ਤੋਂ ਘੱਟ ਹੈ, ਉੱਥੇ ਅਜਿਹਾ ਵਿਅਕਤੀ ਕੇਵਲ ਉਸ ਉਪ-ਧਾਰਾ ਦੇ ਅਧੀਨ ਪੈਨਸ਼ਨ ਵਜੋਂ ਬਕਾਇਆ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

(3) * * *

(4) * * *

(5) ਕੋਈ ਵਿਅਕਤੀ ਇਸ ਐਕਟ ਅਧੀਨ ਜਾਂ ਉਸ ਅਉਧ ਦੇ ਬਾਰੇ ਅਤੇ ਉਸ ਮੁੱਦਤ ਦੌਰਾਨ ਪੈਨਸ਼ਨ ਦਾ ਹੱਕਦਾਰ ਨਹੀਂ ਹੋਵੇਗਾ ਜਿਸ ਲਈ ਉਸਨੂੰ ਲੋਕ ਪ੍ਰਤੀਨਿਧਤਾ ਐਕਟ, 1951 ਦੇ ਉਪਬੰਧਾਂ ਅਧੀਨ ਸ਼ਕਤਵਾਨ ਅਧਿਕਾਰਤਾ ਦੀ ਅਦਾਲਤ ਦੁਆਰਾ ਨਾ ਕਾਬਲ ਠਹਿਰਾਇਆ ਗਿਆ ਹੈ।

ਪੈਨਸ਼ਨ ਤੋਂ ਸਰਕਾਰੀ ਬਕਾਏ ਦੀ ਵਸੂਲੀ।

3-ੳ. ਜੇ ਕੋਈ ਵਿਅਕਤੀ ਜਿਸਨੂੰ ਇਸ ਐਕਟ ਅਧੀਨ ਪੈਨਸ਼ਨ ਮਿਲਣਯੋਗ ਹੈ, ਨੇ ਰਾਜ ਸਰਕਾਰ ਦੁਆਰਾ ਉਸਨੂੰ ਮੰਤਰੀ, ਵਿਰੋਧੀ ਧਿਰ ਦੇ ਨੇਤਾ ਜਿਵੇਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ ਐਕਟ, 1978 ਵਿੱਚ ਪਰਿਭਾਸ਼ਤ ਹੈ, ਸਪੀਕਰ, ਉਪ-ਮੰਤਰੀ, ਉਪ-ਸਪੀਕਰ, ਮੁੱਖ ਸੰਸਦੀ ਸਕੱਤਰ, ਸੰਸਦੀ ਸਕੱਤਰ ਜਾਂ ਮੈਂਬਰ ਵਜੋਂ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਘਰ ਵਾਸ ਜਾਂ ਕੋਈ ਹੋਰ ਸਹੂਲਤ ਭਾਵੇਂ ਕਿਸੇ ਵੀ ਪ੍ਰਕਿਰਤੀ ਦੀ ਹੋਵੇ ਦੇ ਕਾਰਨ ਉਸ ਦੁਆਰਾ ਅਦਾਇਗੀਯੋਗ ਰਕਮ ਸਰਕਾਰ ਨੂੰ ਅਦਾ ਨਹੀਂ ਕੀਤੀ ਗਈ ਹੈ, ਤਾਂ ਉਸ ਤੋਂ ਦੇਣਯੋਗ ਉਪਰੋਕਤ ਹਵਾਲਾ ਦਿੱਤੀ ਰਕਮ ਉਸ ਦੀ ਪੈਨਸ਼ਨ ਵਿੱਚੋਂ ਵਸੂਲ ਕੀਤੀ ਜਾ ਸਕੇਗੀ।

ਪਰਿਵਾਰਕ ਪੈਨਸ਼ਨ।

3-ਅ. (1) ਕਿਸੇ ਮੈਂਬਰ ਦੀ ਮੌਤ ਹੋਣ ਦੀ ਸੂਰਤ ਵਿੱਚ,–

(i) ਜੋ ਧਾਰਾ 3 ਅਧੀਨ ਪੈਨਸ਼ਨ ਲੈ ਰਿਹਾ ਹੈ; ਜਾਂ

(ii) ਜੋ ਅਜਿਹੀ ਪੈਨਸ਼ਨ ਦਾ ਹੱਕਦਾਰ ਹੈ, ਪਰ ਪ੍ਰਾਪਤ ਨਹੀਂ ਕਰ ਰਿਹਾ ਹੈ; ਜਾਂ

(iii) ਜੋ ਅਜਿਹੀ ਪੈਨਸ਼ਨ ਦਾ ਹੱਕਦਾਰ ਹੋਣਾ ਸੀ ਜੇ ਉਸਦੀ ਮੌਤ ਨਾ ਹੁੰਦੀ,

ਉਸਦਾ, ਪਤੀ ਜਾਂ ਪਤਨੀ, ਜਿਹੀ ਕਿ ਸੂਰਤ ਹੋਵੇ, ਪੈਨਸ਼ਨ ਦੇ ਪੰਜਾਹ ਪ੍ਰਤੀਸ਼ਤ ਦੀ ਦਰ ਨਾਲ ਪਰਿਵਾਰਕ ਪੈਨਸ਼ਨ ਲੈਣ ਦਾ ਹੱਕਦਾਰ ਹੋਵੇਗਾ ਜਿਸਦਾ ਮੈਂਬਰ ਹੱਕਦਾਰ ਹੋਣਾ ਸੀ ਜੇ ਉਸਦੀ ਮੌਤ ਨਾ ਹੁੰਦੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਮੈਂਬਰ ਦੀ ਸੂਰਤ ਵਿੱਚ, ਜਿਸਦੀ ਮੌਤ 23 ਅਪ੍ਰੈਲ, 2003 ਨੂੰ ਜਾਂ ਇਸ ਤੋਂ ਪਹਿਲਾਂ ਹੋ ਗਈ ਸੀ, ਉਸਦਾ ਪਤੀ ਜਾਂ

ਪਤਨੀ, ਜਿਹੀ ਕਿ ਸੂਰਤ ਹੋਵੇ, ਦੋ ਹਜ਼ਾਰ ਪੰਜ ਸੌ ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਪਰਿਵਾਰਕ ਪੈਨਸ਼ਨ ਲੈਣ ਦਾ ਹੱਕਦਾਰ ਹੋਵੇਗਾ।

3-ੲ. ਹਰੇਕ ਵਿਅਕਤੀ, ਜੋ ਪੈਨਸ਼ਨ ਜਾਂ ਪਰਿਵਾਰਕ ਪੈਨਸ਼ਨ ਲੈਂਦਾ ਹੈ ਜਾਂ ਜੋ ਉਸਨੂੰ ਲੈਣ ਦਾ ਹੱਕਦਾਰ ਹੈ, ਇਸ ਐਕਟ ਅਧੀਨ ਮਿਲਣਯੋਗ ਪੈਨਸ਼ਨ ਜਾਂ ਪਰਿਵਾਰਕ ਪੈਨਸ਼ਨ ਤੋਂ ਇਲਾਵਾ, ਜਿਹੀ ਕਿ ਸੂਰਤ ਹੋਵੇ, ਨੂੰ ਪੈਨਸ਼ਨ 'ਤੇ ਮਹਿੰਗਾਈ ਭੱਤਾ ਅਦਾ ਕੀਤਾ ਜਾਵੇਗਾ, ਜਿਵੇਂ ਰਾਜ ਸਰਕਾਰ ਦੇ ਹੋਰ ਪੈਨਸ਼ਨਰਾਂ ਨੂੰ ਮਿਲਣਯੋਗ ਹੈ।

ਡਾਕਟਰੀ ਸਹੂਲਤਾਂ।

4. ਹਰੇਕ ਵਿਅਕਤੀ ਜੋ ਧਾਰਾ 3 ਦੇ ਉਪਬੰਧਾਂ ਅਧੀਨ ਪੈਨਸ਼ਨ ਦਾ ਹੱਕਦਾਰ ਹੈ, ਆਪਣੇ ਲਈ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਵੀ ਅਜਿਹੀਆਂ ਡਾਕਟਰੀ ਸਹੂਲਤਾਂ ਦਾ ਹੱਕਦਾਰ ਹੋਵੇਗਾ, ਜਿਵੇਂ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ।

ਅਨੁਗ੍ਰਹਿ-ਪੂਰਵਕ ਗ੍ਰਾਂਟ।

4-ੳ. (1) ਜਿੱਥੇ ਕਿਸੇ ਵਿਅਕਤੀ ਦੀ ਜੋ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਸੇਵਾ ਨਿਭਾ ਰਿਹਾ ਹੈ, ਅਜਿਹੀ ਸੇਵਾ ਦੌਰਾਨ ਮੌਤ ਹੋ ਜਾਂਦੀ ਹੈ, ਤਾਂ ਉਸਦੇ ਪਰਿਵਾਰ ਦੇ ਮੈਂਬਰਾਂ ਨੂੰ ਪੰਜ ਲੱਖ ਰੁਪਏ ਦੀ ਅਨੁਗ੍ਰਹਿ-ਪੂਰਵਕ ਗ੍ਰਾਂਟ ਦਿੱਤੀ ਜਾਵੇਗੀ:

ਪਰੰਤੂ ਜਿੱਥੇ ਮੈਂਬਰ ਦੀ ਕਿਸੇ ਅੱਤਵਾਦੀ ਕਾਰਜ ਦੇ ਨਤੀਜੇ ਵਜੋਂ ਮੌਤ ਹੋ ਜਾਂਦੀ ਹੈ, ਤਾਂ ਉਸਦੇ ਪਰਿਵਾਰ ਦੇ ਮੈਂਬਰਾਂ ਨੂੰ ਤਿੰਨ ਲੱਖ ਰੁਪਏ ਦੀ ਅਨੁਗ੍ਰਹਿ-ਪੂਰਵਕ ਗ੍ਰਾਂਟ ਅਦਾ ਕੀਤੀ ਜਾਵੇਗੀ।

(2) ਜਿੱਥੇ ਕਿਸੇ ਵਿਅਕਤੀ ਦੀ, ਜੋ ਧਾਰਾ 3 ਦੇ ਉਪਬੰਧਾਂ ਅਧੀਨ ਪੈਨਸ਼ਨ ਦਾ ਹੱਕਦਾਰ ਹੈ, ਅੱਤਵਾਦੀ ਕਾਰਵਾਈ ਦੇ ਨਤੀਜੇ ਵਜੋਂ ਮੌਤ ਹੋ ਜਾਂਦੀ ਹੈ, ਤਾਂ ਉਸਦੇ ਪਰਿਵਾਰ ਦੇ ਮੈਂਬਰਾਂ ਨੂੰ ਪੰਜ ਲੱਖ ਰੁਪਏ ਦੀ ਅਨੁਗ੍ਰਹਿ-ਪੂਰਵਕ ਗ੍ਰਾਂਟ ਅਦਾ ਕੀਤੀ ਜਾਵੇਗੀ।

ਵਿਆਖਿਆ.– ਧਾਰਾ 4-ੳ ਦੇ ਪ੍ਰਯੋਜਨ ਲਈ, "ਅੱਤਵਾਦੀ ਕਾਰਜ" ਪਦ ਦਾ ਮਤਲਬ ਉਹੀ ਹੋਵੇਗਾ ਜੋ ਇਸਨੂੰ ਅੱਤਵਾਦੀ ਅਤੇ ਵਿਘਨਕਾਰੀ ਸਰਗਰਮੀਆਂ (ਰੋਕਥਾਮ) ਐਕਟ, 1987 (1987 ਦਾ ਕੇਂਦਰੀ ਐਕਟ 28) ਵਿੱਚ ਦਿੱਤਾ ਗਿਆ ਹੈ।

ਨਿਯਮ ਬਣਾਉਣ ਦੀ ਸ਼ਕਤੀ।

5. (1) ਰਾਜ ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਹੇਠ-ਲਿਖੇ ਮਾਮਲਿਆਂ ਦੇ ਬਾਰੇ ਵਿੱਚ ਨਿਯਮ ਬਣਾ ਸਕੇਗੀ, ਅਰਥਾਤ:

(ੳ) ਉਹ ਫ਼ਾਰਮ ਜਿਸ ਵਿੱਚ ਸਰਟੀਫਿਕੇਟ, ਜੇ ਕੋਈ ਹੋਵੇ, ਇਸ ਐਕਟ ਅਧੀਨ ਕਿਸੇ ਪੈਨਸ਼ਨ ਦਾ ਦਾਅਵਾ ਕਰਨ ਦੇ ਪ੍ਰਯੋਜਨ ਲਈ ਕਿਸੇ ਵਿਅਕਤੀ ਦੁਆਰਾ ਦਿੱਤੇ ਜਾਣਗੇ;

(ਅ) ਪਰਿਵਾਰਕ ਮੈਂਬਰ ਜੋ ਡਾਕਟਰੀ ਸਹੂਲਤਾਂ ਦੇ ਹੱਕਦਾਰ ਹੋਣਗੇ;

(ੲ) ਆਮ ਤੌਰ 'ਤੇ ਇਸ ਐਕਟ ਅਧੀਨ ਪੈਨਸ਼ਨ ਦੀ ਅਦਾਇਗੀ ਨੂੰ ਨਿਯਮਤ ਕਰਨ ਅਤੇ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਲਈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ ਅਤੇ ਜੇ ਇਸ ਇਜਲਾਸ ਦੇ, ਜਿਸ ਵਿੱਚ ਉਹ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੁੰਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਬੀ.ਬੀ.ਐੱਸ ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3582/12-2025/Pb. Govt. Press, S.A.S. Nagar*